بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਰੱਬੀ ਹੁਕਮਾਂ, ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਦੀ ਸੁੰਨਤ ਅਤੇ ਜਮਾਅਤੀ ਪਰੰਪਰਾ ਦੀ ਰੌਸ਼ਨੀ ਵਿਚੱ ਮਜਲਿਸੇ ਸ਼ੂਰਾ ਦੀ ਮਹਤੱਤਾ ਓਹਦੇਦਾਰਾਂ ਅਤੇ ਸ਼ੂਰਾ ਦੇ ਮੈਂਬਰਾਂ ਦੀ ਜ਼ਿੰਮੇਦਾਰੀਆ ਅਤੇ ਨਸੀਹਤਾਂ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 12 ਮਈ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ اَلرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

**ਤਸ਼ਹੁਦ, ਤੌਜ਼, ਸੂਰਤੁਲ ਫ਼ਾਤਿਹਾ ਅਤੇ ਸੂਰਤੁਲ ਆਲੇ ਇਮਰਾਨ ਦੀ ਆਇਤ** فَبِمَا رَحْمَةٍ مِّنَ اللّٰهِ لِنْتَ لَهُمْ وَلَوْ كُنْتَ فَظًّا غَلِيْظَ الْقَلْبِ لَانْفَضُّوْا مِنْ حَوْلِكَ فَاعْفُ عَنْهُمْ وَاسْتَغْفِرْ لَهُمْ وَشَاوِرْهُمْ فِي الْأَمْرِ فَإِذَا عَزَمْتَ فَتَوَكَّلْ عَلَى اللّٰهِ إِنَّ اللّٰهَ يُحِبُّ الْمُتَوَكِّلِيْنَ **ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਇਸ ਦਾ ਅਨੁਵਾਦ ਪੈਸ਼ ਫ਼ਰਮਾਇਆ : ਸੋ, ਰਬੱ ਦੀ ਖ਼ਾਸ ਮਿਹਰ ਨਾਲ ਤੂੰ ਉਨ੍ਹਾਂ ਲਈ ਨਰਮ ਹੋ ਜਾ। ਅਤੇ ਜੇਕਰ ਤੂੰ ਤੇਜ਼ ਗੁੱਸੇ ਵਾਲਾ ਅਤੇ ਕਠੋਰ ਦਿਲ ਵਾਲਾ ਹੁੰਦਾ, ਤਾਂ ਉਹ ਯਕੀਨੀ ਤੌਰ ਉੱਤੇ ਤੇਰੇ ਕੋਲੋਂ ਦੂਰ ਭਜੱ ਜਾਂਦੇ। ਸੋ, ਉਨ੍ਹਾਂ ਨੂੰ ਮੁਆਫ਼ ਕਰ ਅਤੇ ਉਨ੍ਹਾਂ ਦੀ ਮੁਆਫੀ ਲਈ ਪ੍ਰਾਰਥਨਾ ਕਰ ਅਤੇ ਹਰ ਮਹੱਤਵਪੂਰਨ ਮਾਮਲੇ ਵਿੱਚ ਉਨ੍ਹਾਂ ਨਾਲ ਸਲਾਹ ਕਰ। ਸੋ, ਜਦੱ ਤੂੰ ਕੋਈ ਫੈਸਲਾ ਕਰੇ, ਤਾਂ ਰਬੱ ਉੱਤੇ ਭਰੋਸਾ ਰਖੱ ਰਬੱ ਭਰੋਸਾ ਕਰਨ ਵਾਲਿਆਂ ਨੂੰ ਪਿਆਰ ਕਰਦਾ ਹੈ**

**ਇੰਨੀਂ ਦਿਨੀਂ ਵਖੱ-ਵਖੱ ਦੇਸ਼ਾਂ ਵਿਚੱ ਜਮਾਅਤੀ ਮਜਲਿਸੇ ਸ਼ੂਰਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਕੁਝੱ ਦੇਸ਼ਾਂ ਵਿਚੱ ਹੋ ਗਈਆਂ ਹਨ ਅਤੇ ਕੁਝੱ ਵਿਚੱ ਭਵਿੱਖ ਵਿੱਚ ਹੋਣਗੀਆਂ। ਸ਼ੂਰਾ ਦੀ ਮਹੱਤਤਾ ਅਤੇ ਨੁਮਾਇੰਦੀਆਂ ਦੀਆਂ ਜ਼ਿੰਮੇਦਾਰੀਆਂ ਬਾਰੇ ਪਹਿਲਾਂ ਵੀ ਦੱਸਿਆ ਜਾ ਚੁਕਿੱਆ ਹੈ। ਕਈ ਸਾਲ ਬੀਤਣ ਦੇ ਬਾਦ, ਇਹ ਉਚਿੱਤ ਸਮਝਿਆ ਗਿਆ ਕਿ ਅਜੱ ਰੱਬੀ ਹੁਕਮ, ਨਬੀ ਸਲੱਲਾਹੋ ਅਲੈਹਿ ਵਸਲੱਮ ਦੀ ਸੁੰਨਤ ਅਤੇ ਜਮਾਅਤ ਦੀਆਂ ਪਰੰਪਰਾਵਾਂ ਅਤੇ ਤਰੀਕੇ ਅਨੁਸਾਰ ਕੁਝੱ ਕਹਿਣਾ ਚਾਹੀਦਾ ਹੈ। ਜਿੱਥੇ ਮਜਲਿਸੇ ਸ਼ੂਰਾ ਹੋ ਗਈ ਹੈ। ਉੱਥੇ ਦੇ ਪ੍ਰਤੀਨਿਧੱ ਵੀ ਲਾਭ ਚੁਕੱ ਸਕਦੇ ਹਨ। ਜੋ ਸ਼ੂਰਾ ਦੇ ਮੈਂਬਰਾਂ ਦੀ ਜ਼ਿੰਮੇਦਾਰੀ ਦੇ ਹਵਾਲੇ ਨਾਲ ਸ਼ੂਰਾ ਦੇ ਮੈਂਬਰਾਂ ਨੂੰ ਯਾਦ ਰਖੱਣੀ ਚਾਹੀਦੀਆਂ ਹਨ। ਕਿਉਂਕਿ ਮਜਲਿਸੇ ਸ਼ੂਰਾ ਦੀ ਸਿਫ਼ਾਰਸਾਂ ਅਤੇ ਖ਼ਲੀਫ਼ਾ ਦੇ ਉਨ੍ਹਾਂ ਉੱਤੇ ਫ਼ੈਸਲੇ ਦੇ ਬਾਦ ਹੀ ਮੈਂਬਰਾਂ ਦੀ ਜ਼ਿੰਮੇਦਾਰੀਆਂ ਸ਼ੁਰੂ ਹੁੰਦੀਆਂ ਹਨ। ਉਨ੍ਹਾਂ ਦਾ ਪੂਰਾ ਕਰਨਾ ਅਤੇ ਆਪਣਾ ਕਿਰਦਾਰ ਅਦਾ ਕਰਨਾ ਹਰ ਮੈਂਬਰ ਸ਼ੂਰਾ ਦਾ ਫ਼ਰਜ਼ ਹੈ।**

ਜੋ ਆਇਤ ਮੈਂ ਤਿਲਾਵਤ ਕੀਤੀ ਹੈ। ਉਸ ਵਿਚੱ ਜਿੱਥੇ ਇਸ ਗਲੱ ਦੀ ਤਸਦੀਕ ਕੀਤੀ ਗਈ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਰਬੱ ਦੀ ਖ਼ਾਸ ਰਹਿਮਤ ਨਾਲ ਆਪਣੀ ਉਮੱਤ ਲਈ ਬਹੁਤ ਨਰਮ ਦਿਲ੍ਹ ਰਖੱਣ ਵਾਲੇ ਸਨ। ਉੱਥੇ ਇਸ ਗਲੱ ਉੱਤੇ ਵੀ ਧਿਆਨ ਦੁਆਇਆ ਕਿ ਜਿਨ੍ਹਾਂ ਦੇ ਹਵਾਲੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਕੰਮ ਨੂੰ ਅੱਗੇ ਵਧਾਉਣਾ ਹੈ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਭਵਿਖਬਾਣੀਆਂ ਦੇ ਅਨੁਸਾਰ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਗ਼ੁਲਾਮੀ ਵਿਚੱ ਆਉਣ ਵਾਲੇ ਮਸੀਹ ਮੌਊਦ ਅਲੈਹਿ ਸਲਾਮ ਦੇ ਮਿਸ਼ਨ ਨੂੰ ਪੂਰਾ ਕਰਨਾ ਹੈ। ਉਨਾਂ ਦਾ ਵੀ ਇਹ ਕੰਮ ਹੈ ਕਿ ਪਿਆਰ, ਮੁਹਬਤੱ ਅਤੇ ਨਰਮੀ ਨਾਲ ਕੰਮ ਕਰਨ।

ਰਬੱ ਫ਼ਰਮਾਉਂਦਾ ਹੈ ਕਿ ਜੇਕਰ ਨਰਮੀ ਨ ਵਿਖਾਈ, ਕਠੋਰਤਾ ਵਿਖਾਈ ਅਤੇ ਗੁੱਸੇ ਵਿਚੱ ਆਏ। ਤਾਂ ਇਹ ਲੋਕ ਦੂਰ ਹੋ ਜਾਣਗੇ। ਸੋ, ਰਬੱ ਮੁਆਫ਼ ਕਰਨ, ਬਖ਼ਸ਼ਸ਼ ਦੀ ਦੂਆ ਕਰਨ ਅਤੇ ਸਲਾਹ ਲੈਂਣ ਦਾ ਹੁਕਮ ਦਿੰਦਾ ਹੈ ਸੋ, ਇਸ ਕਾਨੂੰਨ ਅਤੇ ਸਿਖਿੱਆ ਦੇ ਹੇਠਾਂ ਮਜਲਿਸੇ ਸ਼ੂਰਾ ਆਯੋਜਿਤ ਕੀਤੀ ਜਾਂਦੀ ਹੈ। ਜਿਵੇਂ ਕਿ ਨਾਂ ਤੋਂ ਪ੍ਰਕਟ ਹੁੰਦਾ ਹੈ ਕਿ ਇਹ ਫ਼ੈਸਲਾ ਕਰਨ ਵਾਲੀ ਨਹੀਂ। ਸਗੋਂ ਸਲਾਹ ਦੇਣ ਵਾਲੀ ਮਜਲਿਸ ਹੈ। ਇਸ ਲਈ ਫ਼ਰਮਾਇਆ ਕਿ ਸਲਾਹਾਂ ਦੇ ਬਾਦ ਜੋ ਫ਼ੈਸਲਾ ਤੂੰ ਕਰੇ। ਉਸ ਉੱਤੇ ਰਬੱ ਉੱਤੇ ਵਿਸ਼ਵਾਸ ਰਖੱਦੇ ਹੋਏ ਅਮਲ ਕਰੋ। ਜਿਸ ਦੇ ਬਾਦ ਰਬੱ ਇਸ ਦੇ ਨਤੀਜੇ ਵੀ ਬਹੁਤ ਬਰਕਤਾਂ ਵਾਲੇ ਕੱਢੇਗਾ।

ਵਿਸ਼ਵਾਸ ਦੀ ਇਕੱ ਉਚੱਤਮ ਮਿਸਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜ਼ਾਤ ਵਿਚੱ ਨਜ਼ਰ ਆਉਂਦੀ ਹੈ। ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਬਥੇਰੇ ਮਾਮਲਿਆਂ ਵਿਚੱ ਰਬੱ ਵੱਲੋਂ ਸਿੱਧਾ ਮਾਰਗ ਦਰਸ਼ਨ ਮਿਲਦਾ ਸੀ। ਪਰ ਉਨ੍ਹਾਂ ਮਾਮਲਿਆਂ ਵਿਚੱ ਆਪ ਸਲੱਲਾਹੋ ਅਲੈਹਿ ਵਸਲੱਮ ਜ਼ਰੂਰ ਸਲਾਹ ਲੈਂਦੇ ਸਨ। ਜਿਨ੍ਹਾਂ ਵਿਚੱ ਰਬੱ ਦਾ ਸਪਸ਼ਟ ਹੁਕਮ ਨ ਹੁੰਦਾ ਸੀ। ਆਪ ਸਲੱਲਾਹੋ ਅਲੈਹਿ ਵਸਲੱਮ ਦਾ ਇਹ ਅਮਲ ਅਤੇ ਰਬੱ ਦਾ ਇਹ ਹੁਕਮ ਸਾਨੂੰ ਦਸੱਣ ਲਈ ਹੈ ਕਿ ਜਮਾਅਤੀ ਓਹਦੇਦਾਰਾਂ ਦੇ ਜਮਾਅਤ ਦੇ ਮੈਂਬਰਾਂ ਨਾਲ ਕਿਹੋ ਜਿਹੇ ਵਤੀਰੇ ਹੋਣੇ ਚਾਹੀਦੇ ਹਨ ਅਤੇ ਸਾਨੂੰ ਵੀ ਆਪਸੀ ਸਲਾਹ ਨਾਲ ਕੰਮ ਕਰਨੇ ਚਾਹੀਦੇ ਹਨ ਰਬੱ ਦਾ ਇਹ ਇਹਸਾਨ ਹੈ ਕਿ ਜਮਾਅਤੇ ਅਹਮਦੀਆ ਨੂੰ ਖ਼ਿਲਾਫ਼ਤ ਦੇ ਇਨਾਮ ਨਾਲ ਬਖ਼ਸ਼ਿਆ। ਇਸ ਲਈ ਖ਼ਲੀਫ਼ਾ ਵੀ ਰਬੱ ਦੇ ਹੁਕਮ ਅਤੇ ਨਬੀ ਸਲੱਲਾਹੋ ਅਲੈਹਿ ਵਸਲੱਮ ਦੀ ਸੁਨੰਤ ਦੇ ਅਨੁਸਾਰ ਸੰਸਾਰ ਦੀ ਜਮਾਅਤਾਂ ਤੋਂ ਉਨ੍ਹਾਂ ਦੇ ਹਾਲਾਤਾਂ ਅਨੁਸਾਰ ਸਲਾਹ ਲੈਂਦਾ ਹੈ। ਜੇਕਰ ਰਬੱ ਚਾਹੁੰਦਾ ਤਾਂ ਹਰ ਮਾਮਲੇ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦਾ ਮਾਰਗ ਦਰਸ਼ਨ ਫ਼ਰਮਾਉਂਦਾ। ਪਰ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਕੁਝੱ ਮਾਮਲਿਆਂ ਵਿਚੱ ਸਲਾਹ ਲੈਣ ਦਾ ਹੁਕਮ ਦੇ ਕੇ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦਾ ਕੁਝੱ ਮਾਮਲਿਆਂ ਵਿਚੱ ਸਲਾਹ ਕਰ ਲੈਣਾ। ਅਸਲ ਵਿਚੱ ਸਾਨੂੰ ਸਹੀ ਰਾਹ ਉੱਤੇ ਚਲਾਉਣ, ਆਪਸੀ ਸਲਾਹ ਅਤੇ ਮਦਦ ਨਾਲ ਕੰਮ ਕਰਨ ਅਤੇ ਉਮੱਤ ਵਿਚੱ ਏਕਤਾ ਪੈਦਾ ਕਰਨ ਲਈ ਹੈ

ਇਸ ਬਾਰੇ ਵਿਚੱ ਇਕੱ ਹਦੀਸ ਤੋਂ ਇਸ ਦੀ ਸਪਸ਼ੱਟਤਾ ਹੁੰਦੀ ਹੈ। ਹਜ਼ਰਤ ਇਬਨੇ ਅੱਬਾਸ ਰਜ਼ੀ ਅੱਲਾਹ ਅੰਨਹੋ ਰਵਾਯਤ ਕਰਦੇ ਹਨ ਕਿ ਜਦੱ شَاوِرۡهُمۡ فِی الۡاَمۡرِ ਦੀ ਆਇਤ ਨਾਜ਼ਲ ਹੋਈ ਤਾਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਭਾਵੇ ਰਬੱ ਅਤੇ ਉਸ ਦੇ ਰਸੂਲ ਨੂੰ ਇਸ ਦੀ ਲੋੜ੍ਹ ਨਹੀਂ।

ਪਰ ਰਬੱ ਨੇ ਉਸ ਨੂੰ ਮੇਰੀ ਉਮੱਤ ਲਈ ਰਹਿਮਤ ਦਾ ਸਾਧਨ ਬਣਾਇਆ ਹੈ। ਸੋ, ਉਨ੍ਹਾਂ ਵਿੱਚੋਂ ਜੋ ਸਲਾਹ ਕਰੇਗਾ। ਉਹ ਹਦਾਯਤ ਤੋਂ ਵਾਂਝਾ ਨਹੀ ਰਹੇਗਾ ਅਤੇ ਜੋ ਸਲਾਹ ਨਹੀਂ ਕਰੇਗਾ। ਉਹ ਗੁਮਰਾਹੀ ਤੋਂ ਨ ਬਚ ਸਕੇਗਾ।

ਸੋ, ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਤਾਂ ਇਨ੍ਹਾਂ ਸਲਾਹਾਂ ਦੀ ਲੋੜ੍ਹ ਨਹੀ ਸੀ ਅਤੇ ਨ ਹੈ। ਪਰ ਉਸ ਦੇ ਬਾਦ ਵੀ ਆਪ ਨੇ ਸਲਾਹਾਂ ਮੰਗੀਆਂ ਤਾਂ ਕਿ ਉਮੱਤ ਦੇ ਸਾਮ੍ਹਣੇ ਉਹ ਨਮੂਨਾ ਕਾਯਮ ਫ਼ਰਮਾ ਦੇਣ। ਜਿਸ ਨਾਲ ਉਮੱਤ ਸਦਾ ਰਬੱ ਦੀ ਰਹਿਮਤ ਤੋਂ ਹਿੱਸਾ ਲੈਂਦੀ ਰਹੇ ਅਤੇ ਸਦਾ ਹਦਾਯਤ ਦੀਆਂ ਰਾਹਾਂ ਉੱਤੇ ਚਲਦੇ ਰਹੇ ਅਤੇ ਗੁਮਰਾਹੀ ਤੋਂ ਬਚਦੇ ਰਹੇ।

ਸੋ, ਸਾਡੇ ਉੱਤੇ ਰਬੱ ਦਾ ਇਹ ਖ਼ਾਸ ਇਹਸਾਨ ਹੈ ਕਿ ਸਾਡੇ ਅੰਦਰ ਸ਼ੂਰਾ ਦਾ ਨਿਜ਼ਾਮ ਰਖਿੱਆ ਹੈ। ਸੋ, ਹਰ ਅਹਮਦੀ ਨੂੰ ਆਮ ਤੌਰ ਉੱਤੇ ਅਤੇ ਹਰ ਸ਼ੂਰਾ ਦੇ ਮੈਂਬਰ ਨੂੰ ਖ਼ਾਸ ਤੌਰ ਉੱਤੇ ਇਸ ਦੀ ਕਦਰ ਹੋਵੇ ਰਬੱ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਉਸ ਨੇ ਸਾਡੇ ਲਈ ਹਦਾਯਤ ਦਾ ਸਮਾਨ ਪੈਦਾ ਫ਼ਰਮਾ ਦਿੱਤਾ ਹੈ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਸਲਾਹ ਲੈਣ ਦੇ ਆਮ ਤੌਰ ਉੱਤੇ ਤਿੰਨ ਤਰੀਕੇ ਸਨ। ਜਿਨਾਂ ਨੂੰ ਖ਼ਲੀਫ਼ੀਆਂ ਨੇ ਵੀ ਜਾਰੀ ਰਖਿੱਆ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਉਸ ਉੱਤੇ ਅਮਲ ਕੀਤਾ। ਪਹਿਲਾ ਇਹ ਕਿ ਜਦੱ ਸਲਾਹ ਦੇ ਯੋਗ ਕੋਈ ਮਾਮਲਾ ਹੁੰਦਾ। ਤਾਂ ਇਕੱ ਬੰਦੇ ਦੇ ਐਲਾਨ ਦੇ ਬਾਦ ਲੋਕ ਜਮ੍ਹਾ ਹੋ ਜਾਂਦੇ ਅਤੇ ਫ਼ਿਰ ਜੋ ਰਾਏ ਜਾਂ ਸਲਾਹ ਹੁੰਦੀ। ਉਸ ਉੱਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਫ਼ੈਸਲਾ ਫ਼ਰਮਾਉਂਦੇ। ਦੂਜਾ ਤਰੀਕਾ ਇਹ ਸੀ ਕਿ ਜਿਨ੍ਹਾਂ ਲੋਕਾਂ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਸਲਾਹ ਦੇ ਯੋਹ ਸਮਝਦੇ ਕੇਵਲ ਉਨ੍ਹਾਂ ਨੂੰ ਸਦੱਦੇ ਅਤੇ ਫ਼ਿਰ ਉਨ੍ਹਾਂ ਕੁਝੱ ਲੋਕਾਂ ਤੋਂ ਸਲਾਹ ਲੈਂਦੇ। ਤੀਜਾ ਤਰੀਕਾ ਇਹ ਸੀ ਕਿ ਜਿੱਥੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਸਮਝਦੇ ਕਿ ਦੋ ਬੰਦੇ ਵੀ ਜਮ੍ਹਾ ਨਹੀਂ ਹੋਣੇ ਚਾਹੀਦੇ। ਉੱਥੇ ਆਪ ਸਲੱਲਾਹੋ ਅਲੈਹਿ ਵਸੱਲਮ ਵਖੱ ਵਖੱ ਸਦੱ ਕੇ ਸਲਾਹ ਲੈਂਦੇ। ਹਜ਼ਰਤ ਅਬੂ ਹੁਰੈਰਾ ਰਜ਼ੀ ਅੱਲਾਹ ਅੰਨਹੋ ਬਿਆਨ ਕਰਦੇ ਹਨ ਕਿ ਮੈਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਤੋਂ ਵਧੱ ਕਿਸੇ ਨੂੰ ਆਪਣੇ ਸਹਾਬੀਆਂ ਤੋਂ ਸਲਾਹ ਲੈਣ ਵਾਲਾ ਨਹੀਂ ਵੇਖਿਆ। ਸੋ, ਇਹ ਸਭ ਕੁਝੱ ਇਸ ਲਈ ਸੀ ਕਿ ਉਹ ਨਬੀ ਸਲੱਲਾਹੋ ਅਲੈਹਿ ਵਸਲੱਮ ਜਿਸ ਨੂੰ ਸਿੱਧੇ ਤੌਰ ਉੱਤੇ ਰਬੱ ਦਾ ਮਾਰਗ ਦਰਸ਼ਨ ਪ੍ਰਾਪਤ ਸੀ। ਜਦੱ ਸਲਾਹ ਲੈਂਦਾ ਹੈ ਤਾਂ ਤੁਹਾਨੂੰ ਕਿੰਨ੍ਹੀ ਸਲਾਹ ਦੀ ਮਹਤੱਤਾ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਬਦਰ ਦੇ ਮੈਦਾਨ ਵਿਚੱ ਵੀ ਸਹਾਬਾ ਰਜ਼ੀ ਅੱਲਾਹ ਅੰਨਹੁਮਾ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਸਲਾਹ ਦੇਣ ਦੇ ਬਾਦ ਉਸ ਉੱਤੇ ਅਮਲੀ ਪ੍ਰਕਟਾਵਾ ਵੀ ਕੀਤਾ ਅਤੇ ਆਪਣੀ ਜਾਨ ਦੀ ਬਾਜ਼ੀ ਵੀ ਲਾ ਦਿੱਤੀ। ਸੋ, ਸਾਡੇ ਸ਼ੂਰਾ ਦੇ ਮੈਂਬਰਾਂ ਨੂੰ ਵੀ ਯਾਦ ਰਖੱਣਾ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਤਿਆਰ ਕਰੋ ਕਿ ਅਸੀਂ ਸਲਾਹ ਅਤੇ ਫ਼ੈਸਲਿਆਂ ਦੇ ਬਾਦ ਉਸ ਉੱਤੇ ਅਮਲ ਕਰਨ ਲਈ ਹਰ ਕਿਸਮ ਦੀ ਕੁਰਬਾਨੀ ਦੇਣੀ ਹੈ। ਤੁਸੀਂ ਉਸ ਸੰਸਥਾ ਦੇ ਮੈਂਬਰ ਹੋ। ਜੋ ਨਿਜ਼ਾਮੇ ਖ਼ਿਲਾਫ਼ਤ ਅਤੇ ਨਿਜ਼ਾਮੇ ਜਮਾਅਤ ਦੀ ਸਹਿਯੋਗੀ ਸੰਸਥਾ ਹੈ। ਸਲਾਹ ਦੇਣ ਵਾਲਿਆਂ ਦੀਆਂ ਸਲਾਹਾਂ ਨੇਕ-ਨੀਤੀ ਅਤੇ ਆਸਥਾ ਦੇ

ਉੱਚੱਤਮ ਪਧੱਰ ਅਨੁਸਾਰ ਹੋਣੀ ਚਾਹੀਦੀਆਂ ਹਨ। ਸੋ, ਇਸ ਹਿਸਾਬ ਨਾਲ ਸਲਾਹ ਦੇਣ ਵਾਲਿਆਂ ਦੀ ਬਹੁਤ ਵੱਡੀ ਜ਼ਿਮਮੇਦਾਰੀ ਹੈ ਕਿ ਉਹ ਸਵੈਂ-ਪੜ੍ਹਚੋਲ ਕਰਨ ਕਿ ਉਨ੍ਹਾਂ ਦੀ ਆਸਥਾ ਕਿਸ ਮਿਆਰ ਦੀ ਹੈ।

ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਦੀ ਇਕੱ ਰਵਾਯਤ ਤਾਂ ਇੱਥੇ ਤਕੱ ਸਪਸ਼ਟ ਕਰਦੀ ਹੈ। ਆਪ ਨੇ ਫ਼ਰਮਾਇਆ ਕਿ شاورالفقهاءوالعابدين ਅਰਥਾਤ ਸਮਝਦਾਰ ਅਤੇ ਇਬਾਦਤ ਕਰਨ ਵਾਲਿਆਂ ਤੋਂ ਸਲਾਹ ਲਿਆ ਕਰੋ, ਹਰ ਇਕੱ ਤੋਂ ਨਹੀਂ। ਸੋ, ਇਹ ਮਿਆਰ ਹੈ ਨੁਮਾਇੰਦਗੀ ਦਾ। ਇਸ ਵਿਚੱ ਉਨ੍ਹਾਂ ਲੋਕਾਂ ਲਈ ਵੀ ਨਸੀਹਤ ਹੈ ਜੋ ਸ਼ੂਰਾ ਦੇ ਮੈਂਬਰ ਚੁਣਦੇ ਹਨ ਕਿ ਆਪਣੇ ਵਿੱਚੋਂ ਅਜਿਹੇ ਲੋਕ ਚੁਣੋ। ਜੋ ਸਲਾਹ ਦੇਣ ਵਾਲੇ ਹੋਣ, ਧਾਰਮਿਕ ਗਿਆਨ ਵਿਚੱ ਚੰਗੇ ਹੋਣ ਅਤੇ ਇਬਾਦਤ ਦੇ ਮਿਆਰ ਵੀ ਚੰਗੇ ਹੋਣ। ਜਿੱਥੇ ਵੀ ਇਸ ਮਿਆਰ ਨੂੰ ਸਾਮ੍ਹਣੇ ਰਖੱਦੇ ਹੋਏ ਮੈਂਬਰ ਚੁਣੇ ਜਾਂਦੇ ਹਨ। ਉਨ੍ਹਾਂ ਮੈਂਬਰਾਂ ਦੀ ਰਾਏ ਵਿਚੱ ਮੈਂ ਵੇਖਿਆ ਹੈ ਕਿ ਇਕੱ ਵਖੱਰਾ ਅੰਤਰ ਨਜ਼ਰ ਆ ਰਿਹਾ ਹੁੰਦਾ ਹੈ ਖ਼ਲੀਫ਼ਾ ਇਹੀ ਸਮਝਦਾ ਹੈ ਕਿ ਲੋਕਾਂ ਨੇ ਜਦੱ ਰਬੱ ਦੇ ਹੁਕਮ ਦੇ ਅਨੁਸਾਰ ਆਪਣੇ ਨੁਮਾਇੰਦੇ ਬਣਾਏ ਹਨ। ਤਾਂ ਉਹ ਉਸ ਦੇ ਅਨੁਸਾਰ ਹੀ ਆਪਣੇ ਨੁਮਾਇੰਦਗੀ ਦਾ ਹਕੱ ਅਦਾ ਕਰ ਰਹੇ ਹੋਣਗੇ ਅਤੇ ਜੇਕਰ ਨਮਾਇੰਦੇ ਆਪਣਾ ਹਕੱ ਅਦਾ ਨਹੀਂ ਕਰ ਰਹੇ। ਤਾਂ ਉਹ ਨ ਕੇਵਲ ਜਮਾਅਤ ਵਾਲਿਆਂ ਦੇ ਵਿਸ਼ਵਾਸ ਨੂੰ ਠੇਸ ਪਹੁੰਚਾ ਰਹੇ ਹੋਣਗੇ। ਸਗੋਂ ਖ਼ਲੀਫ਼ਾ ਦੇ ਕੋਲ ਵੀ ਆਪਣੀ ਅਮਾਨਤ ਦਾ ਹਕੱ ਅਦਾ ਨ ਕਰਕੇ ਖ਼ਿਆਨਤ ਕਰ ਰਹੇ ਹੋਣਗੇ।

ਸ਼ੂਰਾ ਦੀ ਨੁਮਾਇੰਦਗੀ ਇਕੱ ਸਾਲ ਦੀ ਹੁੰਦੀ ਹੈ। ਜਿਸ ਵਿਚੱ ਪ੍ਰਬੰਧਕਾਂ ਦੀ ਮਦਦ ਕਰਨੀ ਹੈ। ਫ਼ੈਸਲਿਆਂ ਉੱਤੇ ਆਪ ਵੀ ਅਮਲ ਕਰਨਾ ਹੈ ਅਤੇ ਕਰਵਾਉਣਾ ਵੀ ਹੈ। ਸਦਾ ਇਹ ਨਿਗਰਾਨੀ ਕਰਨ ਕਿ ਆਪ ਦੀ ਜਮਾਅਤ ਵਿਚੱ ਕਿਸ ਹਦੱ ਤਕੱ ਖ਼ਲੀਫ਼ਾ ਦੇ ਫ਼ੈਸਲੇ ਦੇ ਅਨੁਸਾਰ ਅਮਲ ਹੋ ਰਿਹਾ ਹੈ। ਕਈ ਵਾਰ ਫ਼ੈਸਲਾ, ਉਹਦੇਦਾਰਾਂ ਦੀ ਸੁਸਤਿਆਂ ਦਾ ਸ਼ਿਕਾਰ ਹੁੰਦਾ ਹੈ ਅਤੇ ਉਸ ਰੰਗ ਵਿਚੱ ਉਸ ਉੱਤੇ ਅਮਲ ਨਹੀਂ ਹੁੰਦਾ। ਜਿਸ ਰੰਗ ਵਿਚੱ ਹੋਣਾ ਚਾਹੀਦਾ ਹੈ। ਅਜਿਹੀ ਹਾਲਤ ਵਿਚੱ ਸੰਬੰਧਿਤ ਉਹਦੇਦਾਰ ਅਤੇ ਕੇਂਦਰ ਨੂੰ ਧਿਆਨ ਦੁਆਉਣ। ਇਸ ਸੰਸਾਰ ਵਿਚੱ ਬਹਾਣੇ ਬਣਾ ਕੇ ਬਚੱ ਜਾਣਗੇ। ਪਰ ਰਬੱ ਤੋਂ ਕੋਈ ਗਲੱ ਛੁੱਪੀ ਨਹੀ। ਉਹ ਅਮਾਨਤਾਂ ਦੇ ਬਾਰੇ ਪੁੱਛੇਗਾ। ਕੁਝੱ ਮੈਂਬਰ ਉਸ ਸਮੇਂ ਕੇਂਦਰ ਨੂੰ ਦਸੱਦੇ ਹਨ। ਜਦੱ ਕਿਸੇ ਉਹਦੇਦਾਰ ਨਾਲ ਟਕਰਾਓ ਹੋ ਜਾਂਦਾ ਹੈ। ਇਹ ਵੀ ਠੀਕ ਨਹੀਂ ਹੈ।

ਜਮਾਅਤਾਂ ਵੱਲੋਂ ਕੁਝੱ ਸਲਾਹਾਂ ਦੋਹਰੇ ਭੇਜਣ ਦਾ ਅਰਥ ਇਹ ਹੈ ਕਿ ਉਨ੍ਹਾਂ ਉੱਤੇ ਅਮਲ ਨਹੀਂ ਹੋਇਆ ਸੋ, ਅਜਿਹੀ ਜਮਾਅਤਾਂ ਅਤੇ ਉਹਦੇਦਾਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਕੀ ਇਹ ਆਸਥਾ ਉੱਤੇ ਚਲਣ, ਆਪਣੇ ਅਮਾਨਤਾਂ ਦਾ ਹਕੱ ਅਦਾ ਕਰਨ, ਖ਼ਿਲਾਫ਼ਤ ਦੀ ਆਗਿਆ ਪਾਲਣ ਅਤੇ ਆਪਣੇ ਵਚਨ ਨੂੰ ਨਿਭਾਉਣ ਦਾ ਅਮਲ ਹੈ ? ਕੇਂਦਰ ਨੂੰ ਸ਼ਰਮਿੰਦਗੀ ਪ੍ਰਕਟ ਕਰਨੀ ਚਾਹੀਦੀ ਹੈ ਕਿ ਅਸੀਂ ਉਸ ਉੱਤੇ ਅਮਲ ਨ ਕਰਵਾ ਸਕੇ ਪਰ ਇਸ ਸਾਲ ਅਸੀਂ ਇਸ ਉੱਤੇ ਅਮਲ ਕਰਨਗੇ ਅਤੇ ਅਮਲ ਨ ਕਰਵਾਉਣ ਤਾਂ ਅਸੀਂ ਮੁਜਰਿਮ ਹੋਣਗੇ ਅਤੇ ਉਨ੍ਹਾਂ ਵਿਚੱ ਸ਼ਾਮਿਲ ਹੋਣਗੇ ਜੋ ਆਪਣੀ ਅਮਾਨਤਾਂ ਦਾ ਹਕੱ ਅਦਾ ਨਹੀਂ ਕਰ ਰਹੇ ਅਤੇ ਮੁਆਫ਼ੀ ਮੰਗਦੇ ਹੋਏ ਇਹ ਲਿਖੱਣਾ ਚਾਹੀਦਾ ਹੈ ਕਿ ਅਸੀਂ ਇਸ ਸਾਲ ਇਸ ਸੁਝਾਵ ਨੂੰ ਪੈਸ਼ ਨ ਕਰਨ ਦੀ ਸਿਫ਼ਾਰਸ਼ ਕਰਦੇ ਹਾਂ। ਇਸ ਨਾਲ ਪ੍ਰਬੰਧਕਾਂ ਅਤੇ ਨੁਮਾਇੰਦਿਆਂ ਨੂੰ ਘੱਟੋਂ ਘਟੱ ਇਹ ਇਹਸਾਸ ਹੋਵੇਗਾ ਕਿ ਉਹ ਵੱਡੇ ਵੱਡੇ

ਪ੍ਰੋਗਰਾਮ ਬਣਾ ਕੇ ਖ਼ਲੀਫ਼ਾ ਨੂੰ ਪੇਸ਼ ਕਰਦੇ ਹਨ ਅਤੇ ਫ਼ਿਰ ਉਸ ਉੱਤੇ ਅਮਲ ਨਹੀਂ ਕਰਦੇ ਤਾਂ ਉਹ ਮੁਜਰਿਮ ਹਨ ਅਤੇ ਖ਼ਲੀਫ਼ਾ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਉਣ ਵਾਲੇ ਹਨ ਇਸ ਹਿਸਾਬ ਨਾਲ ਜਿੱਥੇ ਸਮੂਹਿਕ ਰੂਪ ਵਿਚੱ ਪੜ੍ਹਚੋਲ ਹੋਵੇ। ਉੱਥੇ ਸ਼ੂਰਾ ਦੇ ਨੁਮਾਇੰਦੇ ਅਤੇ ਓਹਦੇਦਾਰ ਸਵੈ-ਪੜ੍ਹਚੋਲ ਵੀ ਕਰਨ ਅਤੇ ਅਸਤਗ਼ਫ਼ਾਰ ਕਰਨ ਅਤੇ ਅਮਲ ਨ ਕਰਨ ਦੇ ਕਾਰਨ ਲਭੱਣ। ਸੋ, ਇਹ ਪੜ੍ਹਚੋਲ ਹੀ ਜਮਾਅਤੀ ਨਿਜ਼ਾਮ ਨੂੰ ਸਹੀ ਰਾਹ ਉੱਤੇ ਚਲਾ ਸਕਦੀ ਹੈ। ਨਹੀਂ ਤਾਂ ਜ਼ੁਬਾਨੀ ਗੱਲ੍ਹਾਂ ਕੋਈ ਲਾਭ ਨਹੀਂ ਪਹੁੰਚਾ ਸਕਦੀਆਂ।

ਆਪਣੇ ਅਮਲ ਰਾਹੀਂ, ਲੋਕਾਂ ਦੇ ਨਾਲ ਪਿਆਰ ਮੁਹਬਤੱ ਦਾ ਸੰਬੰਧ, ਉਨ੍ਹਾਂ ਦਾ ਦਰਦ ਦਿਲ੍ਹ ਵਿਚੱ ਰਖੱਣਾ, ਖ਼ਲੀਫ਼ਾ ਦੀ ਆਗਿਆਪਾਲਣ ਦੇ ਮਿਆਰਾਂ ਨੂੰ ਉੱਚਾ ਕਰਨਾ, ਹਰ ਓਹਦੇਦਾਰ ਅਤੇ ਮੈਂਬਰ ਸ਼ੂਰਾ ਦੀ ਖ਼ਾਸ ਖ਼ੂਬੀ ਹੋਵੇਗੀ। ਤਾਂ ਤਦੱ ਹੀ ਤਬਦੀਲੀ ਸਮੂਹਿਕ ਰੂਪ ਵਿਚੱ ਜਮਾਅਤ ਵਿਚੱ ਪੈਦਾ ਹੁੰਦੀ ਵੇਖਾਂਗੇ ਸ਼ੂਰਾ ਇਸ ਲਈ ਆਯੋਜਿਤ ਕੀਤੀ ਜਾਂਦੀ ਹੈ ਕਿ ਜਿੱਥੇ ਅਸੀਂ ਆਪਣੀ ਅਮਲੀ ਹਾਲਤਾਂ ਨੂੰ ਠੀਕ ਕਰਨ ਲਈ ਪ੍ਰੋਗਰਾਮ ਬਣਾਉਣ। ਉੱਥੇ ਰਬੱ ਦਾ ਸੰਦੇਸ਼ ਪਹੁੰਚਾਉਣ ਲਈ ਅਤੇ ਸੰਸਾਰ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਝੰਡੇ ਹੇਠਾਂ ਲਿਆਉਣ ਲਈ ਅਜਿਹੇ ਪ੍ਰੋਗਰਾਮ ਬਣਾਉਣ। ਜੋ ਤਬਦੀਲੀ ਪੈਦਾ ਕਰਨ ਵਾਲੇ ਹੋਣ।

ਹਜ਼ੂਰੇ ਅਨਵਰ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਕੱ ਆਦੇਸ਼ ਦੀ ਰੌਸ਼ਨੀ ਵਿਚੱ ਤਕਵਾ ਉੱਤੇ ਚਲਦੇ ਹੋਏ। ਆਪਣੀ ਜ਼ਿੰਮੇਦਾਰੀਆਂ ਨੂੰ ਅਦਾ ਕਰਨ ਵਲ੍ਹੱ ਧਿਆਨ ਦੁਆਂਦੇ ਹੋਏ ਫ਼ਰਮਾਇਆ ਕਿ ਰਬੱ ਸਾਨੂੰ ਸਾਰੀਆਂ ਨੂੰ ਤਕਵਾ ਉੱਤੇ ਚਲਦੇ ਹੋਏ। ਆਪਣੀ ਜ਼ਿੰਮੇਦਾਰੀਆਂ ਨੂੰ ਅਦਾ ਕਰਨ ਦੀ ਤੌਫ਼ੀਕ ਬਖ਼ਸ਼ੇ। ਰਬੱ ਸਾਡੀਆਂ ਗ਼ਲਤੀਆਂ, ਭੁਲੱ ਚੁਕੱ ਅਤੇ ਕਮਜ਼ੋਰੀਆਂ ਉੱਤੇ ਪਰਦਾ ਪਾਉਂਦੇ ਹੋਏ। ਆਪਣੀਆਂ ਮਿਹਰਾਂ ਸਾਨੂੰ ਸਦਾ ਬਖ਼ਸ਼ਦਾ ਚਲਾ ਜਾਏ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ
اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ
بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔